# ਜ਼ਿਲ੍ਹਾ ਨਿਰੀਖਣ ਟੀਮਾਂ ਅਤੇ ਮੰਡਲ ਨਿਰੀਖਣ ਟੀਮਾਂ ਦੇ ਮੈਂਬਰਾਂ ਦੀ ਚੋਣ ਕਰਨ ਸਬੰਧੀ ਪ੍ਰੋਫ਼ਾਰਮਾ

1. ਅਧਿਆਪਕ ਦਾ ਨਾਂ :.............................................................................
2. ਪਿਤਾ/ਪਤੀ ਦਾ ਨਾਂ : ..........................................................................
3. ਅਧਿਆਪਕ ਦਾ ਅਹੁਦਾ (ਵਿਸ਼ੇ ਸਮੇਤ) : ...................................................
4. ਸਕੂਲ ਦਾ ਨਾਂ : ........................................... ਜ਼ਿਲ੍ਹਾ : ...............................
5. ਜਨਮ ਮਿਤੀ : ......................................................................................
6. ਵਿੱਦਿਅਕ ਯੋਗਤਾ : ..............................................................................
7. ਸਰਕਾਰੀ ਸੇਵਾ ਵਿੱਚ ਆਉਣ ਦੀ ਮਿਤੀ: .......................................................
8. ਪੜ੍ਹਾਉਣ ਦਾ ਤਜਰਬਾ : ................ ਸਾਲ ................. ਮਹੀਨੇ................ ਦਿਨ
9. ਕੀ ਅਧਿਆਪਕ ਨੇ ਪਹਿਲਾਂ ਵੀ ਕਿਸੇ ਨਿਰੀਖਣ ਟੀਮ ਵਿੱਚ ਕੰਮ ਕੀਤਾ ਹੈ? ਹਾਂ/ਨਹੀਂ

   ਜੇਕਰ ਹਾਂ ਤਾਂ ਨਿਰੀਖਣ ਟੀਮ ਦਾ ਨਾਂ ਅਤੇ ਟੀਮ ਵਿੱਚ ਕੰਮ ਕਰਨ ਦਾ ਸਮਾਂ ......................
10. ਕੀ ਅਧਿਆਪਕ ਕੰਪਿਊਟਰ ਦੀ ਜਾਣਕਾਰੀ ਰੱਖਦਾ ਹੈ? ਹਾਂ/ਨਹੀਂ..............................
11. ਈ.ਮੇਲ ਦਾ ਪਤਾ : ..............................................................................
12. ਘਰ ਦਾ ਪਤਾ:-..................................................................

    ........................................................ਮੋਬਾਇਲ ਨੰ..........................
13. ਪਿਛਲੇ ਪੰਜ ਸਾਲਾਂ ਦੇ ਬੋਰਡ ਦੇ ਨਤੀਜਿਆਂ ਦਾ ਵੇਰਵਾ:

| ਲੜੀ ਨੰ. | ਸਾਲ | ਜਮਾਤ | ਅਧਿਆਪਕ ਦਾ ਨਤੀਜਾ | ਬੋਰਡ ਦਾ ਨਤੀਜਾ | ਜਿਨ੍ਹਾਂ ਵੱਧ ਹੈ | ਵਿਸ਼ੇਸ਼ ਕਥਨ |
|---|---|---|---|---|---|---|
| 1 | 2004 -05 | | | | | |
| 2 | 2005 -06 | | | | | |
| 3 | 2006 -07 | | | | | |
| 4 | 2007 -08 | | | | | |
| 5 | 2008 -09 | | | | | |

ਮੈਂ ਬਿਆਨ ਕਰਦਾ ਹਾਂ ਕਿ ਨਾਲ ਨੱਥੀ ਸਾਰੀਆਂ ਹਦਾਇਤਾਂ ਅਨੁਸਾਰ ਬਿਨੇ ਪੱਤਰ ਅੰਦਰ ਮੇਰੇ ਵੱਲੋਂ ਸਾਰੀ ਜਾਣਕਾਰੀ ਸਹੀ ਭਰੀ ਗਈ ਹੈ। ਜੇਕਰ ਮੇਰੇ ਦੁਆਰਾ ਭਰੀ ਗਈ ਉਪਰੋਕਤ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਮੈ ਇਸ ਲਈ ਜ਼ਿੰਮੇਵਾਰ ਹੋਵਾਂਗਾ।

**ਬਿਨੈਕਾਰ** ਦੇ ਹਸਤਾਖ਼ਰ

ਬਿਨੈ ਕਰਨ ਲਈ ਜ਼ਰੂਰੀ ਹਦਾਇਤਾਂ:-

(ੳ) **ਘੱਟੋ ਘੱਟ ਵਿੱਦਿਅਕ ਯੋਗਤਾ:-**

ਬਿਨੈਕਾਰ ਦੀ ਵਿੱਦਿਅਕ ਯੋਗਤਾ, ਪੜ੍ਹਾਏ ਜਾਂਦੇ ਵਿਸ਼ੇ ਵਿੱਚ ਘੱਟੋ ਘੱਟ ਐਮ.ਏ/ ਐਮ.ਐਸ.ਸੀ/ ਐਮ.ਕਾਮ/ ਐਮ.ਫਿਲ/ ਐਮ.ਐਡ ਹੋਣੀ ਚਾਹੀਦੀ ਹੈ।

(ਅ) ਪੜ੍ਹਾਉਣ ਦਾ ਤਜਰਬਾ ਘੱਟੋ ਘੱਟ 5 ਸਾਲ ਦਾ ਹੋਣਾ ਚਾਹੀਦਾ ਹੈ।

(ੲ) ਅਧਿਆਪਕ ਖਿਲਾਫ਼ ਕੋਈ ਇਨਕੁਆਰੀ ਨਾ ਚੱਲਦੀ ਹੋਵੇ।

(ਸ) ਅਧਿਆਪਕਾਂ ਦਾ ਚਰਿੱਤਰ ਲੋਕਾਂ/ਅਧਿਆਪਕਾਂ ਵਿੱਚ ਹਰਮਨ ਪਿਆਰਾ ਹੋਵੇ।

(ਹ) ਅਧਿਆਪਕਾਂ ਦੁਆਰਾ ਸਕੂਲ ਵਿੱਚ ਪੜ੍ਹਾਏ ਜਾਂਦੇ ਆਪਣੇ ਵਿਸ਼ੇ ਦੀ ਮੁਹਾਰਤ ਦਾ ਹੋਣਾ ਜ਼ਰੂਰੀ ਹੈ।

(ਕ) ਐਸ.ਐਸ.ਏ. ਵੱਲੋਂ ਲਾਏ ਜਾਂਦੇ ਸੈਮੀਨਾਰਾਂ ਵਿੱਚ ਅਧਿਆਪਕ ਦੀ ਭੂਮਿਕਾ ਉਸਾਰੂ ਵਿਚਾਰਾਂ ਵਾਲੀ ਰਹੀ ਹੋਣੀ ਚਾਹੀਦੀ ਹੈ।

(ਖ) ਅਧਿਆਪਕ ਦੀ ਚੋਣ ਤੋਂ ਬਾਅਦ ਉਸ ਨੂੰ ਇਕ ਸਾਲ ਲਈ ਭਾਵ ਸੈ਼ਸ਼ਨ 2010-11 ਲਈ ਕੰਮ ਕਰਨਾ ਜ਼ਰੂਰੀ ਹੋਵੇਗਾ।

(ਗ) ਅਧਿਆਪਕ ਦਾ ਕੰਮ ਆਪਣੇ ਜ਼ਿਲ੍ਹੇ ਅਤੇ ਦੂਸਰੇ ਜ਼ਿਲ੍ਹਿਆਂ ਅੰਦਰ ਮੁਨੀਟਰਿੰਗ ਲਈ ਹੋਵੇਗਾ।

(ਘ) ਅਧਿਆਪਕ ਦੀ ਚੋਣ ਇੰਟਰਵਿਊ ਰਾਹੀਂ ਕੀਤੀ ਜਾਵੇਗੀ।

(ਙ) ਅਧਿਆਪਕ ਨੂੰ ਮੁਨੀਟਰਿੰਗ ਦੌਰਾਨ ਐਸ.ਐਸ.ਏ. ਦੇ ਨਿਯਮਾਂ ਅਨੁਸਾਰ ਸਫ਼ਰੀ ਭੱਤਾ ਅਤੇ ਡੀ.ਏ. ਦਿੱਤਾ ਜਾਵੇਗਾ।

(ਚ) ਮੁੱਖ ਦਫ਼ਤਰ ਵੱਲੋਂ ਬੇਨਤੀ ਪੱਤਰ ਘੋਖ਼ਣ ਤੋਂ ਬਾਅਦ ਅਧਿਆਪਕਾਂ ਨੂੰ ਵਿਸ਼ੇ ਅਨੁਸਾਰ ਇੰਟਰਵਿਊ ਲਈ ਬੁਲਾਇਆ ਜਾਵੇਗਾ। ਪਰ ਜ਼ਿਲ੍ਹਾ ਪੱਧਰ ਦੀ ਟੀਮ ਮੈਬਰਾਂ ਦੀ ਚੋਣ ਜ਼ਿਲ੍ਹਾ ਪੱਧਰ ਤੇ ਹੀ ਹੋਵੇਗੀ।

(ਛ) (i) ਬੇਨਤੀ ਪੱਤਰ ਹਰ ਹਾਲਤ ਵਿੱਚ ਮਿਤੀ 14.03.10 ਤੱਕ ਈ-ਮੇਲ (ssacord@gmail.com) ਰਾਹੀਂ ਭੇਜਿਆ ਜਾਵੇ।

(ii) ਜ਼ਿਲ੍ਹਾ ਨਿਰੀਖਣ ਟੀਮਾਂ ਲਈ ਬੇਨਤੀ ਪੱਤਰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਹੀ ਭੇਜੇ ਜਾਣ।

ਨੋਟ:- ਤਜਰਬੇਕਾਰ ਬਿਨੈਕਾਰ ਨਾਂ ਪ੍ਰਾਪਤ ਹੋਣ ਦੀ ਸੂਰਤ ਵਿੱਚ ਪੰਜ ਸਾਲਾਂ ਤੋਂ ਘੱਟ ਤਜਰਬੇ ਵਾਲੇ ਬਿਨੈਕਾਰ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਵਿਸ਼ੇਸ਼ ਨੋਟ:-

- ਉਪਰੋਕਤ ਪ੍ਰਫਾਰਮਾ ਜਿਲ੍ਹਾ ਪੱਧਰ ਦੀਆਂ ਗਠਿਤ ਕੀਤੀਆਂ ਜਾਣ ਵਾਲੀਆਂ ਟੀਮਾਂ ਲਈ ਵੀ ਇਹੋ ਹੀ ਹੋਵੇਗਾ।
- ਜਿਲ੍ਹਾ ਨਿਰੀਖਣ ਟੀਮਾਂ ਲਈ ਬੇਨਤੀ ਪੱਤਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਨੂੰ ਭੇਜੇ ਜਾਣ ।
- ਜਿਲ੍ਹਾ ਪੱਧਰ ਦੇ ਟੀਮ ਮੈਂਬਰਾਂ ਦੀ ਚੋਣ (ਸਿਵਾਏ ਡੀ.ਐਸ.ਐਸ.) ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਵੱਲੋਂ ਕੀਤੀ ਜਾਵੇਗੀ।

# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਐਸ.ਸੀ.ਓ.- 104-106, ਦੂਜੀ ਅਤੇ ਤੀਜੀ ਮੰਜ਼ਿਲ, ਸੈਕਟਰ-34ਏ ਚੰਡੀਗੜ੍ਹ।

ਵੱਲ

ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ), ਪੰਜਾਬ।
ਸਮੂਹ ਸਕੂਲ ਮੁੱਖੀ, ਪੰਜਾਬ (ਵੈਬਸਾਇਟ ਰਾਹੀਂ)

ਮੀਮੋ ਨੰ. 2010/ਸਸਅ/ਕੋਆਰਡੀਨੇਸ਼ਨ/28046
ਮਿਤੀ ਚੰਡੀਗੜ੍ਹ 03.03.2010

**ਵਿਸ਼ਾ:- ਮੰਡਲ ਅਤੇ ਜ਼ਿਲ੍ਹਾ ਨਿਰੀਖਣ ਟੀਮਾਂ ਦੇ ਮੈਂਬਰਾਂ ਦੀ ਨਿਯੁਕਤੀ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੈ ਕਿ ਮੰਡਲ ਅਤੇ ਜ਼ਿਲ੍ਹਾ ਪੱਧਰ ਤੇ ਗਠਿਤ ਨਿਰੀਖਣ ਟੀਮਾਂ ਵੱਲੋਂ ਰਾਜ ਦੇ ਸਰਕਾਰੀ ਸਕੂਲਾਂ ਦੇ ਅਚਨਚੇਤ ਅਤੇ ਸਾਲਾਨਾ ਨਿਰੀਖਣ ਕਰਕੇ ਨਿਰੀਖਣ ਰਿਪੋਰਟਾਂ ਇਸ ਦਫ਼ਤਰ ਨੂੰ ਭੇਜੀਆ ਜਾਂਦੀਆਂ ਹਨ। ਇਸ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਮੰਡਲ ਅਤੇ ਜ਼ਿਲ੍ਹਾ ਨਿਰੀਖਣ ਟੀਮਾਂ ਦਾ ਨਵੇਂ ਸਿਰ ਤੋਂ ਗਠਨ ਕਰਨ ਸਬੰਧੀ ਵਿਚਾਰ ਕੀਤਾ ਗਿਆ ਹੈ।

3.0 ਇਸ ਲਈ ਆਪਨੂੰ ਲਿਖਿਆ ਜਾਂਦਾ ਹੈ ਕਿ ਨਿਰੀਖਣ ਟੀਮ ਨੂੰ ਨਵੇਂ ਸਿਰੇ ਤੋਂ ਗਠਿਤ ਕਰਨ ਲਈ ਆਪਣੇ ਅਧੀਨ ਪੈਂਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਟੀਮ ਵਿੱਚ ਕੰਮ ਕਰਨ ਲਈੋ ਯੋਗ ਚਾਹਵਾਨ ਉਮੀਦਵਾਰਾਂ ਦੀ ਤਜਵੀਜ਼ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਵੈਬਸਾਇਟ ਤੋਂ ਪ੍ਰੋਫਾਰਮਾ ਪ੍ਰਾਪਤ ਕਰਕੇ ਮਿਤੀ 14.03.10 ਤੱਕ ਈ-ਮੇਲ ssacord@gmail.com ਰਾਹੀਂ ਇਸ ਦਫ਼ਤਰ ਨੂੰ ਭੇਜੀ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।